**BCM SCHOOL BASANT AVENUE DUGRI ROAD LUDHIANA**

**ANSWER KEY OF IX CLASS**

1. **ਅਣਡਿੱਠਾ ਪੈਰ੍ਹੇ ਨੂੰ ਪੜ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ**

   1. ਸੁੰਡੀਆਂ 2. ਪੰਙਤਰ 3. ਮਸਰ 4. ਚਾਮਚੜਿਕ 5. ਚਿੜੀ

2. **ਤਸਵੀਰ ਵਰਨਣ: ਪੁਰਾਤਨ ਪੇਂਡੂ ਖੇਡ (ਕੋਟਲਾ ਛਪਾਕੀ)**

ਕੋਟਲਾ ਛਪਾਕੀ ਜਾਂ ਕਾਜੀ ਕੋਟਲੇ ਦੀ ਮਾਰ ਇੱਕ ਖੇਡ ਹੈ। ਇਹ ਮੁੰਡੇ- ਕੁੜੀਆਂ ਵੱਲੋਂ ਮਿਲ ਕੇ ਜਾਂ ਇਕੱਲੇ ਮੁੰਡੇ ਜਾਂ ਇਕੱਲੀਆਂ ਕੁਡੀਆਂ ਵੱਲੋਂ ਖੇਡੀ ਜਾਂਦੀ ਹੈ। ਇਹ ਖੇਡ ਨੂੰ ਘੱਟ ਤੋਂ ਘੱਟ 7-15 ਬੱਚੇ ਖੇਡਦੇ ਹਨ ਗਿਣਤੀ ਜ਼ਿਆਦਾ ਵੀ ਹੋ ਸਕਦੀ ਹੈ। ਕੱਪੜੇ ਦੇ ਇੱਕ ਟੁਕੜੇ ਨੂੰ ਵੱਟ ਚੜ੍ਹਾ ਕੇ, ਦੂਹਰਾ ਕਰ ਕੇ, ਇੱਕ ਪੋਲਾ ਜਿਹਾ ਦੋ-ਤਿੰਨ ਫੁੱਟ ਦਾ ਰੱਸਾ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਕੋਟਲਾ ਕਹਿੰਦੇ ਹਨ ਇਹ ਕੋਟਲਾ ਦਾਈ ਦੇਣ ਵਾਲੇ ਕੋਲ ਹੁੰਦਾ ਹੈ। ਵਾਰੀ (ਦਾਈ) ਦੇਣ ਵਾਲੇ ਬੱਚੇ ਦੀ ਚੋਣ ਛੋਟੇ ਟੈਸਟ ਰਾਹੀ ਕੀਤੀ ਜਾਂਦੀ ਹੈ ਜੋ ਹਾਰ ਜਾਂਦਾ ਹੈ ਉਸ ਦੀ ਦਾਈ ਮਤਲਵ ਵਾਰੀ ਆ ਜਾਂਦੀ ਹੈ। ਸਾਰੇ ਬੱਚੇ ਇੱਕ ਚੱਕਰ ਦੇ ਰੂਪ ਵਿੱਚ ਮੂੰਹ ਹੇਠਾਂ ਅਤੇ ਮੂੰਹ ਦੀ ਦਿਸ਼ਾ ਚੱਕਰ ਦੇ ਕੇਂਦਰ ਵੱਲ ਕਰ ਕੇ ਬੈਠ ਜਾਂਦੇ ਹਨ ਅਤੇ ਵਾਰੀ ਦੇਣ ਵਾਲਾ ਹੱਥ ਵਿੱਚ ਕੋਟਲਾ ਫੜ੍ਹ ਉਸ ਚੱਕਰ ਦੇ ਦੁਆਲੇ ਘੁੰਮਦਾ ਹੈ।

**ਦਾਈ ਵਾਲਾ ਘੁੰਮਦਾ ਹੋਇਆ ਪੁਕਾਰਦਾ ਹੈ, ਕੋਟਲਾ ਛਪਾਕੀ ਜੁੰਮੇ ਰਾਤ ਆਈ ਏ।**

**ਬੈਠੇ ਬੱਚੇ ਬੋਲਦੇ ਹਨ ਆਈ ਏ, ਜੀ ਆਈ ਏ।**

ਫਿਰ ਦਾਈ ਵਾਲਾ ਬੱਚਾ ਬੋਲਦਾ ਹੈ ਜਿਹੜਾ ਪਿੱਛੇ ਭੌਂ ਕੇ ਵੇਖੇ, ਉਸ ਦੀ ਸ਼ਾਮਤ ਆਈ ਏ।

ਇਸ ਖੇਡ ਵਿੱਚ ਵਾਰੀ ਦੇਣ ਵਾਲੇ ਦਾ ਮੁੱਖ ਮੰਤਵ ਇਹ ਹੁੰਦਾ ਹੈ ਕਿ ਉਹ ਕੋਟਲੇ ਨੂੰ ਕਿਸੇ ਬੱਚੇ ਦਾ ਪਿੱਛੇ ਰੱਖ ਦੇਵੇ ਪਰ ਉਸ ਨੂੰ ਪਤਾ ਨਾ ਲੱਗੇ। ਇਸ ਦੇ ਉਲਟ ਬੈਠੇ ਬੱਚੇ ਬਿਨਾਂ ਪਿੱਛੇ ਵੇਖੇ, ਪੂਰੀ ਤਰ੍ਹਾਂ ਚੌਕਸ ਰਹਿੰਦੇ ਹਨ ਕਿ ਕੋਟਲਾ ਉਸ ਦੇ ਪਿੱਛੇ ਤਾਂ ਨਹੀਂ ਰੱਖਿਆ ਗਿਆ। ਉਂਜ ਜੇਕਰ ਬੈਠੇ ਬੱਚਿਆਂ ਵਿੱਚੋਂ ਕੋਈ ਪਿੱਛੇ ਭੌਂ ਕੇ ਵੇਖਦਾ ਹੈ ਤਾਂ ਵਾਰੀ ਦੇਣ ਵਾਲਾ ਉਸ ਦੀ ਪਿੱਠ ਜਾਂ ਢੂਹੀ ਤੇ ਕੋਟਲਾ ਮਾਰਦਾ ਹੈ। ਇਸ ਖੇਡ ਵਿੱਚ ਵਾਰੀ ਦੇਣ ਵਾਲਾ ਚੋਰੀ ਨਾਲ ਕੋਟਲਾ ਕਿਸੇ ਬੱਚੇ ਦੇ ਪਿੱਛੇ ਰੱਖ ਦਿੰਦਾ ਹੈ ਅਤੇ ਕੋਟਲਾ ਛਪਾਕੀ ਜੁੰਮੇ ਰਾਤ ਆਈ ਬੋਲਦਾ, ਬੈਠੇ ਬੱਚਿਆਂ ਦੁਆਲਾ ਘੁੰਮਦਾ ਹੈ। ਜੇਕਰ ਬੈਠੇ ਬੱਚਿਆਂ ਵਿੱਚੋਂ ਬੱਚੇ ਨੂੰ ਪਤਾ ਲੱਗ ਜਾਵੇ ਕਿ ਉਸ ਦੇ ਮਗਰ ਕੋਟਲਾ ਹੈ ਤਾਂ ਉਹ ਬੱਚਾ ਕੋਟਲਾ ਫੜ ਕੇ ਵਾਰੀ ਦੇਣ ਵਾਲੇ ਦੇ ਮਗਰ ਦੌੜਦਾ ਹੈ ਅਤੇ ਕੋਟਲਾ ਉਸ ਦੇ ਮਾਰਨ ਦੀ ਕੋਸ਼ਿਸ਼ ਕਰਦਾ ਹੈ, ਜਦ ਤੱਕ ਵਾਰੀ ਦੇਣ ਵਾਲਾ ਉਸ ਦੀ ਥਾਂ 'ਤੇ ਆ ਕੇ ਨਹੀਂ ਬੈਠਦਾ। ਜੇ ਬੱਚੇ ਨੂੰ ਪਿੱਛੇ ਰੱਖੇ ਕੋਟਲੇ ਦਾ ਪਤਾ ਨਾ ਲੱਗੇ ਤਾਂ ਵਾਰੀ ਦੇਣ ਵਾਲਾ, ਉਸ ਬੈਠੇ ਬੱਚੇ ਨੂੰ ਕੋਟਲੇ ਨਾਲ ਮਾਰਦਾ ਹੈ ਤੇ ਬੈਠਾ ਹੋਇਆ ਬੱਚਾ ਮਾਰ ਤੋਂ ਬਚਣ ਲਈ ਉਠ ਕੇ ਬੈਠੇ ਬੱਚਿਆਂ ਦੇ ਦੁਆਲੇ ਘੁੰਮਦਾ ਹੈ ਤੇ ਚੱਕਰ ਲਾ ਕੇ ਆਪਣੀ ਥਾਂ ਤੇ ਮੁੜ ਬਹਿੰਦਾ ਹੈ

ਅਤੇ ਇਸ ਤਰ੍ਹਾਂ ਫਿਰ ਉਸ ਬੱਚੇ ਨੂੰ ਵਾਰੀ ਦੇਣੀ ਪੈਂਦੀ ਹੈ। ਇਹ ਖੇਡ ਸਰੀਰਕ ਵਿਕਾਸ ਦੇ ਨਾਲ ਮਾਨਸਿਕ ਵਿਕਾਸ ਨੂੰ ਵੀ ਉਤਸ਼ਾਹਤ ਕਰਦੀ ਹੈ।

3. **ਵਿਸਮਿਕ ਅਤੇ ਕਿਸਮਾਂ:** * ਆਦਰ ਸਹਿਤ ਜਾਂ ਸਤਿਕਾਰ ਵਾਚਕ ਵਿਸਮਿਕ
   *ਦਫਾ ਹੋ! ਫਿਟਕਾਰ ਵਾਚਕ * ਵਾਹ! , ਸ਼ਾਬਾਸ਼!
4. **ਕਿਰਿਆ ਅਤੇ ਕਿਸਮਾਂ:** *ਬੱਚਾ ਫੁੱਟਬਾਲ ਨਾਲ ਖੇਡ ਰਿਹਾ ਹੈ।
   *ਮੁੱਖ ਕਿਰਿਆ *ਮੂਲ /ਧਾਤੂ ਸ਼ਬਦ
5. **ਵਿਰੋਧੀ ਸ਼ਬਦ:** ਅਲੌਕਿਕ, ਗੈਰਤਮੰਦ,ਖੁਰਦਰਾ (ਉੱਚਾ ਨੀਵਾਂ), ਮੁਰਝਾਉਣਾ
6. **ਮੁਹਾਵਰੇ:** ਸਿਰ ਫੇਰਨਾ, ਸਿਰ ਫਿਰਨਾ, ਸਿਰ ਚੜ੍ਹਨਾ, ਸਿਰ ਹੋਣਾ, ਸਿਰ ਖੁਰਕਣ ਦੀ ਵਿਹਲ ਨਾ ਹੋਣਾ, ਸਿਰ ਗਿੱਟਿਆਂ ਵਿੱਚ ਦੇਣਾ, ਸਿਰ ਤੇ ਪੈਣਾ, ਸਿਰ ਦੇਣਾ, ਸਿਰ ਪੈਰ ਨਾ ਹੋਣਾ, ਸਿਰ ਮੜ੍ਹਨਾ, ਸਿਰ ਮੱਥੇ ਉੱਤੇ ਮੰਨਣਾ, ਸਿਰ ਮੁੰਨਣਾ, ਸਿਰ ਲੁਕਾਉਣਾ, ਸਿਰੋਂ ਨੰਗੀ ਹੋਣਾ, ਸਿਰ ਤੇ ਹੱਥ ਰੱਖਣਾ, ਸਿਰੋਂ ਪਾਣੀ ਲੰਘ ਜਾਣਾ, ਸਿਰੇ ਚਾੜ੍ਹਨਾ, ਸਿਰੇ ਚੜ੍ਹਨਾ, ਸਿਰ ਧੜ ਦੀ ਬਾਜ਼ੀ ਲਾਉਣਾ, ਸਿਰ ਸਿਹਰਾ ਆਉਣਾ, ਸਿਰ ਸੁਆਹ ਪਾਉਣੀ, ਸਿਰ ਤਲੀ ਤੇ ਧਰਨਾ, ਸਿਰ ਝੁਕਾਉਣਾ, ਸਿਰਾਂ ਦੇ ਮੁੱਲ ਪੈਣੇ, ਸਿਰੋਂ ਫੜਨਾ, ਸਿਰ ਤੇ ਪੈਰ ਰੱਖ ਕੇ ਦੌੜਨਾ, ਸਿਰ ਖਾਣਾ, ਸਿਰ ਦੇਣਾ, ਸਿਰ ਦੇ ਵਾਲਾਂ ਨੂੰ ਆਉਣਾ, ਸਿਰ ਫੜ ਕੇ ਬਹਿਣਾ, ਸਿਰ ਮਨਾ ਕੇ ਭੱਦਰਾਂ ਪੁੱਛਣੀਆਂ, ਸਿਰ ਕੱਢ ਹੋਣਾ, ਸਿਰ ਨਾ ਚੁੱਕਣ ਦੇਣਾ, ਸਿਰ ਤੇ ਤਲਵਾਰ ਲਟਕਣਾ, ਸਿਰ ਤੇ ਪਹਾੜ ਡਿੱਗਣਾ,